**ਪੰਜਾਬ ਸਕੂਲ ਸਿੱਖਿਆ ਬੋਰਡ**

ਵੱਲ

ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰ

ਪੰਜਾਬ ਰਾਜ।

ਨੰ-ਪਸਸਬ- ਸ.ਸ.(ਕ.ਸ.)/2025/ 2554 ਮਿਤੀ-.23/05/2025 ਐਸ.ਏ.ਐਸ.ਨਗਰ।

**ਵਿਸ਼ਾ- ਅੱਠਵੀਂ ਸ਼੍ਰੇਣੀ ਰੀਅਪੀਅਰ ਪਰੀਖਿਆ ਮਈ/ਜੂਨ 2025 ਨਾਲ ਸਬੰਧਤ ਪ੍ਰਸ਼ਨ-ਪੱਤਰਾਂ ਦੇ ਸੀਲਬੰਦ ਬੋਕਸ ਪ੍ਰਾਪਤ ਕਰਨ ਸੰਬੰਧੀ।**

1. ਅੱਠਵੀਂ ਸ਼੍ਰੇਣੀ ਪਰੀਖਿਆ **ਮਈ/ਜੂਨ 2025** ਮਿਤੀ 29-05-2025 ਤੋਂ 09-06-2025 ਤੱਕ ਕਰਵਾਈ ਜਾ ਰਹੀ ਹੈ।
2. ਅੱਠਵੀਂ ਸ਼੍ਰੇਣੀ ਦੇ ਪ੍ਰਸ਼ਨ-ਪੱਤਰ ਮਿਤੀ 27.5.2025 ਨੂੰ ਟੀਮਾਂ ਮੁੱਖ ਦਫਤਰ ਤੋਂ ਲੈ ਕੇ ਰਵਾਨਾ ਹੋਣਗੀਆਂ। ਇਹ ਪ੍ਰਸ਼ਨ-ਪੱਤਰ ਜਿਲ੍ਹਾ ਮੈਨੇਜਰ,ਖੇਤਰੀ ਦਫਤਰ ਵੱਲੋਂ ਪ੍ਰਾਪਤ ਕੀਤੇ ਜਾਣਗੇ।
3. ਜਿਲ੍ਹਾ ਮੈਨੇਜਰ,ਖੇਤਰੀ ਦਫਤਰ ਵੱਲੋਂ ਆਪਣੀ ਨਿਗਰਾਨੀ ਹੇਠ ਇਹ ਪ੍ਰਸ਼ਨ-ਪੱਤਰ ਮਿਤੀ 27.5.2025 ਨੂੰ ਜਾਂ ਮਿਤੀ 28-5-2025 ਨੂੰ 11.00 ਵਜੇ ਤੋਂ ਪਹਿਲਾਂ ਸਬੰਧਤ ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰ ਨੂੰ ਸੌਂਪੇ ਜਾਣਗੇ।
4. ਇਹਨਾਂ ਪ੍ਰਸ਼ਨ-ਪੱਤਰਾਂ ਨੂੰ ਪ੍ਰਾਪਤ ਕਰਨ ਵਾਲਾ ਅਧਿਕਾਰੀ ਸਕੂਲ ਦੇ ਲੈਟਰ ਪੈਡ ਉੱਪਰ ਕੀਤੇ ਗਏ ਤਸਦੀਕ ਸੁਦਾ ਹਸਤਾਖਰ ਅਤੇ ਸ਼ਨਾਖਤੀ ਕਾਰਡ ਪੇਸ਼ ਕਰੇਗਾ।
5. ਪ੍ਰਸ਼ਨ-ਪੱਤਰ ਪ੍ਰਾਪਤ ਕਰਨ ਸਮੇਂ ਦਫਤਰ ਵੱਲੋਂ ਭੇਜੇ ਗਏ ਇਹਨਾਂ ਪ੍ਰਸ਼ਨ-ਪੱਤਰਾਂ ਦਾ ਚਲਾਨ ਨਾਲ ਚੰਗੀ ਤਰ੍ਹਾਂ ਮਿਲਾਨ ਕਰ ਲਿਆ ਜਾਵੇ । ਜੇਕਰ ਕਿਸੇ ਵਿਸ਼ੇ ਦੇ ਪ੍ਰਸ਼ਨ-ਪੱਤਰ ਘੱਟ ਹਨ ਜਾਂ ਪ੍ਰਾਪਤ ਨਹੀਂ ਹੋਏ ਤਾਂ ਇਸ ਸੰਬੰਧੀ ਉਸ ਸਮੇਂ ਮੁੱਖ ਦਫਤਰ ਨੂੰ ਸੂਚਿਤ ਕੀਤਾ ਜਾਵੇ।
6. ਪ੍ਰਸ਼ਨ-ਪੱਤਰ ਸੇਫ ਥਾਂ ਤੇ ਰੱਖ ਕੇ ਤਾਲਾ ਲਗਾਉਣ ਉਪਰੰਤ ਸੀਲ ਲਗਾਈ ਜਾਵੇ ਅਤੇ ਪੂਰੀ ਸਕਿਉਰਟੀ ਦਾ ਪ੍ਰਬੰਧ ਕੀਤਾ ਜਾਵੇ।
7. ਪ੍ਰਸ਼ਨ ਪੱਤਰ ਸੇਫ ਥਾਂ ਤੇ ਰੱਖ ਕੇ ਦੋ ਤਾਲੇ ਲਗਾਏ ਜਾਣ, ਜਿਸਦੀ ਇੱਕ ਚਾਬੀ ਕੇਂਦਰ ਕੰਟਰੋਲਰ ਅਤੇ ਦੂਜੀ ਚਾਬੀ ਕੇਂਦਰ ਸੁਪਰਡੰਟ ਕੋਲ ਰੱਖੀ ਜਾਵੇ।
8. ਸੀਲਬੰਦ ਪ੍ਰਸ਼ਨ ਪੱਤਰਾਂ ਦੇ ਪੈਕਟ ਨਾਲ ਪ੍ਰੀਖਿਆ ਸੁਰੂ ਹੋਣ ਤੋਂ ਪਹਿਲਾਂ ਜੇਕਰ ਕੋਈ ਛੇੜਛਾੜ ਹੁੰਦੀ ਹੈ ਤਾਂ ਸਬੰਧਤ ਕੇਂਦਰ ਕੰਟਰੋਲਰ/ਕੇਂਦਰ ਸੁਪਰਡੰਟ ਸਿੱਧੇ ਤੌਰ ਤੇ ਜਿੰਮੇਵਾਰ ਹੋਣਗੇ।
9. ਇਸ ਕਾਰਜ ਲਈ ਆਪ ਜੀ ਦੇ ਸਹਿਯੋਗ ਦੀ ਸ਼ਖਤ ਜਰੂਰਤ ਹੈ, ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਟੈਲੀਫੋਨ ਨੰਬਰ- 0172-5227334,0172-5227333, 0172-5227303, 0172-5227338, 0172-5227339, 0172-5227340 ਤੇ ਸੰਪਰਕ ਕੀਤਾ ਜਾਵੇ।

ਨੱਥੀ ਡੇਟਸ਼ੀਟ

ਸਹੀ/

ਸਹਾਇਕ ਸਕੱਤਰ (ਕ.ਸ.)

ਪਿੱ:ਅੰ: ਨੰ-ਪਸਸਬ- ਸ.ਸ.(ਕ.ਸ.)/2025/ 2555 ਮਿਤੀ-23/05/2025 ਐਸ.ਏ.ਐਸ.ਨਗਰ।

ਉਤਾਰਾ- ਜਿਲ੍ਹਾਂ ਸਿੱਖਿਆ ਅਫਸਰ ਦੀ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸਹਾਇਕ ਸਕੱਤਰ (ਕ.ਸ.)